# ਆਮ ਪੁੱਛੇ ਜਾਂਦੇ ਸਵਾਲ

## ਯੋਗ ਹੋਣਾ

**ਸਵਾਲ: ਪ੍ਰੋਗਰਾਮ ਲਈ ਕੌਣ ਯੋਗ ਹੈ?**

*ਜਵਾਬ: ਕਿਰਪਾ ਕਰਕੇ ਸਾਡੇ ਵੈੱਬਸਾਈਟ `ਤੇ "to qualify" ਭਾਗ ਦੇਖੋ। ਕਿਰਪਾ ਕਰਕੇ ਨੋਟ ਕਰੋ: ਸਾਰੇ ਅਰਜ਼ੀਕਰਤਾਵਾਂ ਦੀ ਉਮਰ 19 ਸਾਲ ਜਾਂ ਜ਼ਿਆਦਾ ਹੋਣੀ ਜ਼ਰੂਰੀ ਹੈ।*

**ਸਵਾਲ: ਜੇ ਮੈਂ ਕਿਸੇ ਹੋਰ ਪ੍ਰੋਗਰਾਮ ਲਈ ਅਪਲਾਈ ਕਰਾਂ (ਜਿਵੇਂ ਕਿ ਈਕੋ-ਆਟੋ ਰੀਬੇਟ, ਸੂਬਾਈ ਪੀ ਐੱਸ ਟੀ ਛੋਟ) ਤਾਂ ਕੀ ਮੈਂ ਫਿਰ ਵੀ ਇਸ ਪ੍ਰੋਗਰਾਮ ਲਈ ਅਪਲਾਈ ਕਰ ਸਕਦਾ/ਸਕਦੀ ਹਾਂ?**

*ਜਵਾਬ: ਹਾਂ। ਸਾਡੇ ਤੋਂ ਫਾਇਦਾ ਲੈਣ ਲਈ ਗੱਡੀਆਂ ਦਾ ਸਕਰੈਪ-ਇਟ ਪ੍ਰੋਗਰਾਮ ਨਾਲ ਕੰਡਮ ਕੀਤਾ ਜਾਣਾ ਜ਼ਰੂਰੀ ਹੈ। ਕਿਰਪਾ ਕਰਕੇ ਨੋਟ ਕਰੋ ਕਿ ਅਸੀਂ ਕਿਸ ਵੀ ਹੋਰ ਵਹੀਕਲ ਰੀਬੇਟ ਪ੍ਰੋਗਰਾਮ ਨਾਲ ਜੁੜੇ ਹੋਏ ਨਹੀਂ ਹਾਂ।*

**ਸਵਾਲ: ਕੀ ਗੱਡੀਆਂ ਲਈ ਯੋਗ ਹੋਣ ਦੀ ਤਰੀਕ (1995) 2009 ਵਿਚ ਬਦਲ ਕੇ 1996 ਹੋ ਜਾਵੇਗੀ?**

*ਜਵਾਬ: ਨਹੀਂ।*

**ਸਵਾਲ: ਮੇਰੀ ਕਾਰ ਦੀ ਇਨਸ਼ੋਰੈਂਸ ਚਲਾਉਣ ਦੇ ਮੰਤਵ ਲਈ ਨਹੀਂ ਸਗੋਂ ਸਟੋਰੇਜ ਦੇ ਮੰਤਵ ਲਈ ਹੈ, ਕੀ ਮੈਂ ਅਜੇ ਵੀ ਯੋਗ ਹਾਂ?**

*ਜਵਾਬ: ਨਹੀਂ। ਸਕਰੈਪ-ਇਟ ਪ੍ਰੋਗਰਾਮ ਹਵਾ ਦੀ ਕੁਆਲਟੀ ਨਾਲ ਸੰਬੰਧਿਤ ਪ੍ਰੋਗਰਾਮ ਹੈ। ਸਿਰਫ ਚੱਲ ਰਹੀਆਂ ਗੱਡੀਆਂ ਹੀ (ਜਿਹੜੀਆਂ ਸੜਕ `ਤੇ ਹਨ ਅਤੇ ਪ੍ਰਦੂਸ਼ਣ ਫੈਲਾ ਰਹੀਆਂ ਹਨ) ਇਸ ਪ੍ਰੋਗਰਾਮ ਲਈ ਹੱਕਦਾਰ ਹਨ; ਚੱਲ ਨਹੀਂ ਰਹੀਆਂ ਜਾਂ ਸਟੋਰ ਕੀਤੀਆਂ ਗੱਡੀਆਂ ਪ੍ਰਦੂਸ਼ਣ ਪੈਦਾ ਨਹੀਂ ਕਰ ਰਹੀਆਂ ਅਤੇ ਇਸ ਕਰਕੇ ਹੱਕਦਾਰ ਨਹੀਂ ਹਨ।*

**ਸਵਾਲ: ਜੇ ਕਾਰ ਦੀ ਪਿਛਲੇ 12 ਮਹੀਨਿਆਂ ਤੋਂ ਇਨਸ਼ੋਰੈਂਸ ਹੋਈ ਹੈ, ਪਰ ਇਹ ਇਨਸ਼ੋਰੈਂਸ ਮੇਰੇ ਨਾਂ `ਤੇ ਨਹੀਂ ਹੈ (ਜਿਵੇਂ ਇਹ ਤੋਹਫੇ ਵਿਚ ਮਿਲੀ ਸੀ, ਕਿਸੇ ਰਿਸ਼ਤੇਦਾਰ ਦੇ ਨਾਂ `ਤੇ ਇਨਸ਼ੋਰੈਂਸ ਹੈ, ਜਾਂ ਹੁਣੇ ਹੁਣੇ ਖਰੀਦੀ ਹੈ) ਤਾਂ ਕੀ ਮੈਂ ਫਿਰ ਵੀ ਯੋਗ ਹਾਂ?**

*ਜਵਾਬ: ਨਹੀਂ। ਗੱਡੀ ਦੀ ਇਨਸ਼ੋਰੈਂਸ ਪਿਛਲੇ 12 ਮਹੀਨਿਆਂ ਤੋਂ ਤੁਹਾਡੇ ਨਾਂ ਹੋਣੀ ਜ਼ਰੂਰੀ ਹੈ।*

**ਸਵਾਲ: ਮੇਰੇ ਕੋਲ ਇਨਸ਼ੋਰੈਂਸ ਦੇ ਸਾਰੇ ਪੇਪਰਾਂ ਦੀਆਂ ਲੋੜੀਂਦੀਆਂ ਕਾਪੀਆਂ ਨਹੀਂ ਹਨ। ਮੈਂ ਇਹ ਕਿੱਥੋਂ ਲੈ ਸਕਦਾ/ਸਕਦੀ ਹਾਂ?**

*ਜਵਾਬ: ਤੁਸੀਂ ਆਈ ਸੀ ਬੀ ਸੀ ਦੇ ਕਸਟਮਰ ਕੌਨਟੈਕਟ ਨੂੰ (604) 661-2800 `ਤੇ ਫੋਨ ਕਰ ਸਕਦੇ ਹੋ ਅਤੇ ਇਕ ਚਿੱਠੀ ਜਾਰੀ ਕਰਨ ਲਈ ਬੇਨਤੀ ਕਰ ਸਕਦੇ ਹੋ (ਜਿਸ ਦਾ ਤੁਹਾਨੂੰ ਕੋਈ ਖਰਚਾ ਨਹੀਂ ਦੇਣਾ ਪੈਂਦਾ) ਜਿਹੜੀ ਇਹ ਦੱਸਦੀ ਹੋਵੇ ਕਿ ਤੁਹਾਡੇ ਕੋਲ 12 ਮਹੀਨੇ ਦੀ ਲਗਾਤਾਰ ਇਨਸ਼ੋਰੈਂਸ ਕਵਰੇਜ ਹੈ।*

**ਸਵਾਲ: ਜਿਹੜੀ ਕਾਰ ਮੈਂ ਸਕਰੈਪ (ਕੰਡਮ) ਕਰਨੀ ਚਾਹੁੰਦਾ ਹਾਂ ਉਹ ਸਿਰਫ ਮੇਰੇ ਨਾਂ `ਤੇ ਹੈ, ਪਰ ਜਿਹੜੀ ਨਵੀਂ ਕਾਰ ਮੈਂ ਖਰੀਦਣੀ ਹੈ ਉਹ ਮੇਰੇ ਅਤੇ ਮੇਰੀ ਪਤਨੀ ਦੋਨਾਂ ਦੇ ਨਾਂ `ਤੇ ਹੋਵੇਗੀ। ਕੀ ਇਹ ਠੀਕ ਹੈ?**

*ਜਵਾਬ: ਹਾਂ।*

**ਸਵਾਲ: ਜਿਹੜੀ ਕਾਰ ਮੈਂ ਸਕਰੈਪ ਕਰਨੀ ਚਾਹੁੰਦਾ ਹਾਂ ਉਹ "ਪਰਿਵਾਰ ਦੀ ਗੱਡੀ`` ਹੈ (ਜਿਵੇਂ ਇਹ ਮੇਰੀ ਮਾਂ ਦੇ ਨਾਂ ਜਾਂ ਮੇਰੇ ਡੈਡੀ ਦੇ ਨਾਂ ਹੈ, ਪਰ ਇਨਸ਼ੋਰੈਂਸ ਮੰਤਵਾਂ ਲਈ ਮੁਢਲਾ ਡਰਾਈਵਰ ਮੈਂ ਹਾਂ)। ਜਿਹੜੀ ਨਵੀਂ ਕਾਰ ਮੈਂ ਖਰੀਦਣਾ ਚਾਹੁੰਦਾ ਹਾਂ ਉਹ ਸਿਰਫ ਮੇਰੇ ਨਾਂ `ਤੇ ਹੀ ਹੋਵੇਗੀ (ਰਜਿਸਟਰੇਸ਼ਨ ਅਤੇ ਇਨਸ਼ੋਰੈਂਸ ਦੋਨੋਂ)। ਕੀ ਮੈਂ ਅਜੇ ਵੀ ਅਪਲਾਈ ਕਰ ਸਕਦਾ ਹਾਂ?**

*ਜਵਾਬ: ਨਹੀਂ, ਪਰ ਮਾਲਕ (ਜਿਵੇਂ ਮਾਂ ਜਾਂ ਡੈਡੀ) ਅਪਲਾਈ ਕਰ ਸਕਦੇ ਹਨ।*

## ਅਰਜ਼ੀ ਫਾਰਮ ਅਤੇ ਤਰੀਕਾ

**ਸਵਾਲ: ਮੈਂ ਅਰਜ਼ੀ ਫਾਰਮ ਕਿੱਥੋਂ ਲੈ ਸਕਦਾ/ਸਕਦੀ ਹਾਂ?**

*ਜਵਾਬ: ਅਸੀਂ ਹੁਣ ਪੇਪਰ ਵਾਲੇ ਅਰਜ਼ੀ ਫਾਰਮ (ਫੈਕਸ ਸਮੇਤ) ਪ੍ਰਵਾਨ ਨਹੀਂ ਕਰਦੇ। ਤੁਹਾਨੂੰ ਔਨਲਾਈਨ ਅਪਲਾਈ ਕਰਨਾ ਪਵੇਗਾ। ਕਿਰਪਾ ਕਰਕੇ www.scrapit.ca ਵੈੱਬਸਾਈਟ `ਤੇ ਜਾਓ ਅਤੇ ਖੱਬੇ ਪਾਸੇ* ***"Application Form"*** *ਖਾਨੇ `ਤੇ ਕਲਿੱਕ ਕਰੋ।*

**ਸਵਾਲ: ਮੇਰੀ ਅਰਜ਼ੀ ਦੇ ਪ੍ਰਵਾਨ ਹੋਣ ਨੂੰ ਕਿੰਨਾ ਸਮਾਂ ਲੱਗੇਗਾ?**

*ਜਵਾਬ: ਅਰਜ਼ੀ `ਤੇ ਕਾਰਵਾਈ ਕਰਨ ਨੂੰ ਆਮ ਤੌਰ `ਤੇ 10 ਕਾਰੋਬਾਰੀ ਦਿਨ ਲੱਗਦੇ ਹਨ।*

**ਸਵਾਲ: ਮੈਂ ਨਵੀਂ ਕਾਰ ਲਈ ਡਿਪਾਜ਼ਿਟ ਦਿੱਤਾ ਹੈ ਅਤੇ ਕੱਲ ਸ਼ਾਮ ਨੂੰ ਆਪਣੀ ਕਾਰ ਚੁੱਕਣ ਤੋਂ ਪਹਿਲਾਂ ਡੀਲਰ ਨੇ ਅਪਰੂਵਲ ਲੈਟਰ (ਮਨਜ਼ੂਰੀ ਪੱਤਰ) ਦੀ ਮੰਗ ਕੀਤੀ ਹੈ। ਕੀ ਤੁਸੀਂ ਮੇਰੀ ਅਰਜ਼ੀ `ਤੇ ਤੇਜ਼ੀ ਨਾਲ ਕਾਰਵਾਈ ਕਰ ਸਕਦੇ ਹੋ?**

*ਜਵਾਬ: ਨਹੀਂ, ਮਨਜ਼ੂਰੀ ਲਈ ਸਾਡਾ ਸਰਵਿਸ ਮਿਆਰ ਹੈ ਜੋ ਕਿ 10 ਕਾਰੋਬਾਰੀ ਦਿਨਾਂ ਦਾ ਹੈ। ਜੇ ਉੱਪਰ ਦੱਸੇ ਮੁਤਾਬਕ ਤੁਹਾਡੀ ਕੋਈ ਖਾਸ ਲੋੜ ਹੈ ਤਾਂ ਕਿਰਪਾ ਕਰਕੇ ਸਾਨੂੰ info@scrapit.ca `ਤੇ ਈਮੇਲ ਕਰੋ ਜਾਂ ਕਿਸੇ ਕਸਟਮਰ ਸਰਵਿਸ ਏਜੰਟ ਨਾਲ ਗੱਲ ਕਰਨ ਲਈ ਸਾਡੇ ਦਫਤਰ ਨੂੰ ਫੋਨ ਕਰੋ।*

**ਸਵਾਲ: ਮੈਂ ਆਪਣੀ ਕਾਰ ਸਕਰੈਪ ਕੀਤੀ ਹੈ ਅਤੇ ਬਦਲਵੀਂ ਗੱਡੀ ਲਈ ਫਾਇਦਾ ਲੈਣ ਦੀ ਚੋਣ ਕੀਤੀ ਹੈ। ਮੇਰੇ ਡੀਲਰ ਨੇ ਮੈਨੂੰ ਦੱਸਿਆ ਹੈ ਕਿ ਮੇਰੀ ਨਵੀਂ ਗੱਡੀ ਡਲਿਵਰ ਕਰਨ ਲਈ ਹੋਰ 3 ਮਹੀਨੇ ਲੱਗਣਗੇ, ਜੋ ਕਿ ਮੇਰੀ ਮਨਜ਼ੂਰੀ ਦੀ ਮਿਆਦ ਮੁੱਕ ਜਾਣ ਤੋਂ ਬਾਅਦ ਦੀ ਤਰੀਕ ਹੈ। ਕੀ ਮੈਂ ਮਿਆਦ ਵਿਚ ਵਾਧਾ ਕਰਨ ਦੇ ਯੋਗ ਹਾਂ?**

*ਜਵਾਬ: ਹਾਂ। ਮਿਆਦ ਵਿਚ ਵਾਧਾ ਹੋ ਸਕਦਾ ਹੈ। ਕਿਰਪਾ ਕਰਕੇ ਸਾਨੂੰ info@scrapit.ca `ਤੇ ਈਮੇਲ ਕਰੋ ਅਤੇ ਇਸ ਵਿਚ ਆਪਣਾ ਨਾਂ, ਐਡਰੈਸ ਅਤੇ ਮਨਜ਼ੂਰੀ ਨੰਬਰ ਲਿਖੋ।*

## ਆਪਣੀ ਪੁਰਾਣੀ ਗੱਡੀ ਨੂੰ ਸਕਰੈਪ ਕਰਨਾ

**ਸਵਾਲ: ਜੇ ਮੇਰੀ ਗੱਡੀ ਕੋਈ ਹੋਰ ਸਕਰੈਪ ਯਾਰਡ ਨੂੰ ਚਲਾ ਕੇ ਲਿਜਾ ਰਿਹਾ ਹੋਵੇ ਤਾਂ ਮੈਨੂੰ ਕਿਹੜੀਆਂ ਚੀਜ਼ਾਂ ਕਰਨ ਦੀ ਲੋੜ ਹੈ?**

*ਜਵਾਬ: ਤੁਹਾਨੂੰ ਟ੍ਰਾਂਸਫਰ/ਟੈਕਸ ਫਾਰਮ `ਤੇ ਅਗਾਊਂ ਸਾਈਨ ਕਰਨ ਦੀ ਲੋੜ ਹੈ (ਜੋ ਕਿ ਕਿਸੇ ਵੀ ਆਟੋ ਪਲੈਨ ਬਰੋਕਰ ਤੋਂ ਮਿਲਦੇ ਹਨ) ਅਤੇ ਇਹ ਫਾਰਮ ਤੁਹਾਡੀ ਪੁਰਾਣੀ ਕਾਰ ਚਲਾ ਕੇ ਲਿਆ ਰਹੇ ਵਿਅਕਤੀ ਦੇ ਕੋਲ ਹੋਣ ਦੀ ਲੋੜ ਹੈ, ਇਨਸ਼ੋਰੈਂਸ ਪੇਪਰ ਦੀ ਅਸਲੀ ਕਾਪੀ ਦੇ ਨਾਲ।*

**ਸਵਾਲ: ਗੱਡੀ ਨੂੰ ਸਕਰੈਪ ਕਰਨ ਤੋਂ ਪਹਿਲਾਂ ਕੀ ਮੈਨੂੰ ਇਸ ਦੇ ਪਾਰਟਸ ਕੱਢਣ ਦੀ ਆਗਿਆ ਹੈ?**

*ਜਵਾਬ: ਹਾਂ, ਪਰ ਇਸ ਦਾ "ਚਲਾਉਣ ਦੀ ਸਮਰੱਥਾ`` ਜਾਂ ਸੇਫਟੀ ਉੱਪਰ ਕੋਈ ਅਸਰ ਨਹੀਂ ਪੈਣਾ ਚਾਹੀਦਾ (ਜਿਵੇਂ ਕਿ ਤੁਸੀਂ ਸਟੀਰਿਓ ਕੱਢ ਸਕਦੇ ਹੋ ਪਰ ਚਲਾਈ ਨਾਲ ਸੰਬੰਧਿਤ ਕੋਈ ਹਿੱਸੇ ਨਹੀਂ)।*

**ਸਵਾਲ: ਆਪਣੀ ਗੱਡੀ ਨੂੰ ਸਕਰੈਪ ਕਰਨ ਲਈ ਮੈਂ ਕਿੱਥੇ ਜਾਣਾ ਹੈ?**

*ਜਵਾਬ: ਜਦੋਂ ਤੁਸੀਂ ਆਪਣੀ ਅਰਜ਼ੀ ਦਰਜ ਕਰਵਾਉਂਦੇ ਹੋ ਅਤੇ ਇਹ ਪ੍ਰਵਾਨ ਹੋ ਜਾਂਦੀ ਹੈ ਤਾਂ ਤੁਹਾਨੂੰ ਸਾਡੇ ਤੋਂ ਜਾਣਕਾਰੀ ਦੇਣ ਵਾਲਾ ਇਕ ਪੈਕਟ ਮਿਲਦਾ ਹੈ। ਇਸ ਵਿਚ ਇਕ ਨਕਸ਼ਾ ਅਤੇ ਹਿਦਾਇਤਾਂ ਸ਼ਾਮਲ ਹੁੰਦੀਆਂ ਹਨ ਜੋ ਕਿ ਇਹ ਦੱਸਦੀਆਂ ਹਨ ਕਿ ਤੁਸੀਂ ਆਪਣੀ ਗੱਡੀ ਕਿੱਥੇ ਛੱਡਣੀ ਹੈ।*

**ਸਵਾਲ: ਸਕਰੈਪ ਹੋਣ ਤੋਂ ਬਾਅਦ ਗੱਡੀ ਨਾਲ ਕੀ ਵਾਪਰਦਾ ਹੈ?**

*ਜਵਾਬ: ਸਕਰੈਪ (ਕੰਡਮ) ਕੀਤੀਆਂ ਸਾਰੀਆਂ ਗੱਡੀਆਂ ਨੂੰ ਦਰੜ ਦਿੱਤਾ ਜਾਵੇਗਾ ਅਤੇ ਵਾਤਾਵਰਣ ਪ੍ਰਤੀ ਜ਼ਿੰਮੇਵਾਰ ਤਰੀਕੇ ਨਾਲ ਰੀਸਾਈਕਲ ਕੀਤਾ ਜਾਵੇਗਾ (ਫਲੂਇਡ, ਟਾਇਰ, ਬੈਟਰੀ ਅਤੇ ਮਰਕਰੀ ਦੀਆਂ ਸਵਿੱਚਾਂ ਕੱਢ ਦਿੱਤੀਆਂ ਜਾਣਗੀਆਂ)।*

## ਫਾਇਦੇ ਅਤੇ ਕਲੇਮ

**ਸਵਾਲ: 3 ਮਹੀਨੇ ਦਾ ਸਮਾਂ (ਮਨਜ਼ੂਰੀ ਤੋਂ ਬਾਅਦ) ਕੀ ਉਹ ਸਮਾਂ ਹੈ ਜਿਸ ਵਿਚ ਮੈਨੂੰ (ਏ) ਫਾਇਦੇ ਲਈ ਕਲੇਮ ਕਰਨਾ ਪੈਣਾ ਹੈ ਜਾਂ, (ਬੀ) ਉਹ ਸਮਾਂ ਹੈ ਜਿਸ ਵਿਚ ਮੈਨੂੰ ਪੇਪਰ ਦਰਜ ਕਰਵਾਉਣੇ ਪੈਣੇ ਹਨ?**

*ਜਵਾਬ: ਉੱਤਰ ਹੈ (ਏ) 3 ਮਹੀਨੇ ਉਹ ਸਮਾਂ ਹੈ ਜਦੋਂ ਤੁਹਾਡੇ ਲਈ ਆਪਣਾ ਫਾਇਦਾ (ਇਨਸੈਨਟਿਵ) ਕਲੇਮ ਕਰਨਾ ਜ਼ਰੂਰੀ ਹੈ। 3 ਮਹੀਨੇ ਦਾ ਸਮਾਂ ਉਸ ਤਰੀਕ ਤੋਂ ਸ਼ੁਰੂ ਹੁੰਦਾ ਹੈ ਜਦੋਂ ਮਨਜ਼ੂਰੀ (ਅਪਰੂਵਲ) ਜਾਰੀ ਕੀਤੀ ਜਾਂਦੀ ਹੈ। ਇਹ ਤਰੀਕ ਤੁਹਾਡੀ ਅਪਰੂਵਲ ਲੈਟਰ ਦੇ ਉਪਰਲੇ ਸੱਜੇ ਕੋਨੇ `ਤੇ ਲਿਖੀ ਹੁੰਦੀ ਹੈ। ਜੇ ਤੁਹਾਨੂੰ ਮਿਆਦ ਵਧਾਉਣ ਦੀ ਲੋੜ ਹੈ ਤਾਂ ਉੱਪਰ ਅਰਜ਼ੀ ਫਾਰਮ ਅਤੇ ਤਰੀਕਾ ਵਾਲੇ ਭਾਗ ਵਿਚ ਆਖਰੀ ਸਵਾਲ ਅਤੇ ਜਵਾਬ ਦੇਖੋ।*

**ਸਵਾਲ: ਮੈਂ ਲੋਅਰ ਮੇਨਲੈਂਡ ਤੋਂ ਬਾਹਰ ਰਹਿੰਦਾ ਹਾਂ, ਪਰ ਆਪਣੇ ਫਾਇਦੇ (ਇਨਸੈਨਟਿਵ) ਵਜੋਂ ਮੈਂ ਲੋਅਰ ਮੇਨਲੈਂਡ ਦੀ ਬੱਸ/ਬਾਈਕ ਓਪਸ਼ਨ ਲੈਣਾ ਚਾਹੁੰਦਾ ਹਾਂ। ਕੀ ਮੈਂ ਅਜਿਹਾ ਕਰ ਸਕਦਾ ਹਾਂ?**

*ਜਵਾਬ: ਹਾਂ,* ***ਪਰ*** *ਤੁਸੀਂ ਆਪਣੀ ਗੱਡੀ ਸਰੀ ਵਿਚਲੀ ਸਕਰੈਪ ਯਾਰਡ ਵਿਚ ਲਿਆਉਣ ਦੇ ਖਾਹਸ਼ਮੰਦ ਜ਼ਰੂਰ ਹੋਣੇ ਚਾਹੀਦੇ ਹੋ,* ***ਅਤੇ*** *ਤੁਹਾਨੂੰ ਆਪਣੀ ਅਰਜ਼ੀ ਦੇ ਪਹਿਲੇ ਸਫ਼ੇ ਉੱਪਰ ਲਿਖ ਕੇ ਇਹ ਦੱਸਣ ਦੀ ਲੋੜ ਪਵੇਗੀ ਕਿ ਤੁਸੀਂ ਲੋਅਰ ਮੇਨਲੈਂਡ ਦਾ ਅਪਰੂਵਲ ਪੈਕੇਜ ਲੈਣਾ ਚਾਹੁੰਦੇ ਹੋ। ਜੇ ਤੁਸੀਂ ਇਸ ਕਦਮ ਤੋਂ ਖੁੰਝ ਗਏ ਤਾਂ ਤੁਹਾਨੂੰ ਲੋਅਰ ਮੇਨਲੈਂਡ ਅਪਰੂਵਲ ਪੈਕੇਜ ਜਾਰੀ ਕਰਨ ਬਾਰੇ ਸਾਨੂੰ ਪਤਾ ਨਹੀਂ ਲੱਗੇਗਾ।*

**ਸਵਾਲ: ਮੈਂ 2 ਗੱਡੀਆਂ ਸਕਰੈਪ ਕਰ ਰਿਹਾ ਹਾਂ। ਕੀ ਮੈਂ ਇਹ ਦੋਨੋਂ ਇਕ ਫਾਇਦੇ (ਇਨਸੈਨਟਿਵ) ਲਈ ਵਰਤ ਸਕਦਾ ਹਾਂ?**

*ਜਵਾਬ: ਨਹੀਂ। ਇਕ ਗੱਡੀ = ਇਕ ਫਾਇਦਾ।*

**ਸਵਾਲ: 300 ਡਾਲਰ ਦਾ ਫਾਇਦਾ ਤੁਹਾਡੇ ਵਲੋਂ ਦਿੱਤੇ ਜਾਂਦੇ ਹੋਰ ਫਾਇਦਿਆਂ ਦੇ ਮੁਕਾਬਲੇ ਇੰਨਾ ਘੱਟ ਕਿਉਂ ਹੈ?**

*ਜਵਾਬ: ਰਿਟਾਇਰ ਯੂਅਰ ਰਾਈਡ ਪ੍ਰੋਗਰਾਮ ਨਾਲ ਸਾਡੀ ਹਿੱਸੇਦਾਰੀ ਸਾਨੂੰ ਹਰ ਗੱਡੀ ਪਿੱਛੇ 300 ਡਾਲਰ ਦਾ ਨਵਾਂ ਨਗਦ ਫਾਇਦਾ ਦੇਣ ਦੀ ਹੀ ਆਗਿਆ ਦਿੰਦੀ ਹੈ।*

**ਸਵਾਲ: ਰਿਟਾਇਰ ਯੂਅਰ ਰਾਈਡ ਪ੍ਰੋਗਰਾਮ ਲਈ ਸਿਰਫ 6 ਮਹੀਨੇ ਦੀ ਲਗਾਤਾਰ ਇਨਸ਼ੋਰੈਂਸ ਦੀ ਲੋੜ ਹੈ, ਤੁਸੀਂ 12 ਮਹੀਨਿਆਂ ਦੀ ਮੰਗ ਕਿਉਂ ਕਰ ਰਹੇ ਹੋ?**

*ਜਵਾਬ: 12 ਮਹੀਨਿਆਂ ਦੀ ਲਗਾਤਾਰ ਇਨਸ਼ੋਰੈਂਸ ਦੀ ਮੰਗ ਕਰਨਾ ਸਾਡੀ ਬੀ ਸੀ ਵਿਚ ਪਾਲਸੀ ਹੈ।*

## ਬਦਲਵੀਂ ਗੱਡੀ ਲਈ ਕਲੇਮ

**ਸਵਾਲ: ਕੀ ਮੈਨੂੰ ਉਸ ਡੀਲਰ ਤੋਂ ਗੱਡੀ ਲੈਣ ਦੀ ਲੋੜ ਹੈ ਜਿਸ ਦਾ ਨਾਂ ਤੁਹਾਡੇ ਵੈੱਬਸਾਈਟ `ਤੇ "participating dealer" ਵਜੋਂ ਮੌਜੂਦ ਹੈ ਜਾਂ ਕੀ ਮੈਂ ਗੱਡੀ ਕਿਤਿਉਂ ਵੀ ਖਰੀਦ ਸਕਦਾ ਹਾਂ?**

*ਜਵਾਬ: ਇਸ ਪ੍ਰੋਗਰਾਮ ਤੋਂ ਫਾਇਦਾ ਲੈਣ ਲਈ ਸਾਰੀਆਂ ਬਦਲਵੀਆਂ ਗੱਡੀਆਂ ਹਿੱਸਾ ਲੈਣ ਵਾਲੇ ਡੀਲਰਾਂ ਤੋਂ ਖਰੀਦੀਆਂ ਜਾਂ ਲੀਜ਼ ਕੀਤੀਆਂ ਜਾਣੀਆਂ ਜ਼ਰੂਰੀ ਹਨ।*

**ਸਵਾਲ: ਕੀ ਹਿੱਸਾ ਲੈਣ ਵਾਲੇ ਡੀਲਰ ਨੂੰ ਤੁਹਾਡੇ ਪ੍ਰੋਗਰਾਮ ਤੋਂ ਫਾਇਦਾ ਸਿੱਧਾ ਹੁੰਦਾ ਹੈ ਜਾਂ ਕੀ ਫਾਇਦਾ ਮੈਨੂੰ ਸਿੱਧਾ ਮਿਲਦਾ ਹੈ?**

*ਜਵਾਬ: ਕੁੱਲ ਫਾਇਦਾ ਦੋ ਹਿੱਸਿਆਂ ਵਿਚ ਦਿੱਤਾ ਜਾਵੇਗਾ: (1) 250 ਡਾਲਰ ਤੁਹਾਨੂੰ ਡੀਲਰ ਵਲੋਂ ਦਿੱਤਾ ਜਾਵੇਗਾ (ਜਿਵੇਂ ਇਹ ਖਰੀਦ ਕੀਮਤ ਵਿੱਚੋਂ ਕੱਟਿਆ ਜਾ ਸਕਦਾ ਹੈ); (2) ਬਾਕੀ ਬਚਦਾ ਬੈਲੇਂਸ ਤੁਹਾਨੂੰ ਸਿੱਧਾ ਸਕਰੈਪ-ਇਟ ਵਲੋਂ ਦਿੱਤਾ ਜਾਵੇਗਾ। ਇਸ ਕਾਰਵਾਈ ਨੂੰ ਸਾਨੂੰ ਮੁਕੰਮਲ ਕਲੇਮ ਮਿਲਣ ਦੀ ਤਰੀਕ ਤੋਂ ਬਾਅਦ 6-8 ਹਫਤੇ ਲੱਗਦੇ ਹਨ।*

**ਸਵਾਲ: ਮੈਂ ਲੀਜ਼ ਕਰਨ ਦੀ ਵਿਉਂਤ ਬਣਾ ਰਿਹਾ ਹਾਂ (ਖਰੀਦਣ ਦੀ ਨਹੀਂ)। ਕੀ ਮੈਂ ਅਜੇ ਵੀ ਫਾਇਦੇ ਲਈ ਯੋਗ ਹਾਂ?**
*ਜਵਾਬ: ਹਾਂ*

**ਸਵਾਲ: ਜੇ ਸੀ ਓ 2 ਕੈਲਕੁਲੇਟਰ ਮੇਰੀ ਗੱਡੀ ਦੀ ਮੇਕ, ਮਾਡਲ ਜਾਂ ਸਾਲ (ਜਿਵੇਂ 2009) ਨਾ ਦਿਖਾਏ ਤਾਂ ਮੈਂ ਕੀ ਕਰਾਂ?**
*ਜਵਾਬ: ਜੇ ਸੀ ਓ 2 ਕੈਲਕੁਲੇਟਰ ਕਿਸੇ ਵੀ ਗੱਡੀ ਜਾਂ ਦੋਨਾਂ ਗੱਡੀਆਂ ਦਾ ਸਾਲ, ਮੇਕ ਜਾਂ ਮਾਡਲ ਨਾ ਦਿਖਾਏ (ਗੱਡੀ ਜਿਹੜੀ ਤੁਸੀਂ ਸਕਰੈਪ ਕਰ ਰਹੇ ਹੋ ਅਤੇ/ਜਾਂ ਜਿਹੜੀ ਗੱਡੀ ਤੁਸੀਂ ਲੈ ਰਹੇ ਹੋ) ਤਾਂ ਕਿਰਪਾ ਕਰਕੇ:*

*1. ਆਪਣੀ ਗੱਡੀ ਦਾ ਵੇਰਵਾ https://www.agedstock.com/main/vin.php ਵੈੱਬਸਾਈਟ ਤੋਂ ਸਰਚ ਕਰੋ (ਤੁਹਾਨੂੰ ਆਪਣੀ ਗੱਡੀ ਦੇ ਵੀ ਆਈ ਐੱਨ ਨੰਬਰ ਦੀ ਲੋੜ ਪਵੇਗੀ)। ਇਹ ਵੈੱਬਸਾਈਟ ਤੁਹਾਨੂੰ ਤੁਹਾਡੀ ਗੱਡੀ ਦਾ ਅਸਲੀ ਵੇਰਵਾ ਦੇਵੇਗਾ; ਜਾਂ,*

*2. ਇਹ ਜਾਣਕਾਰੀ ਲੈਣ ਲਈ ਇੰਟਰਨੈੱਟ ਸਰਚ ਕਰਕੇ ਆਪਣੀ ਗੱਡੀ ਦਾ ਵੇਰਵਾ ਚੈੱਕ ਕਰੋ। ਕੋਈ ਵੀ ਸਰਚ ਇੰਜਨ ਚੁਣੋ ਜਿਵੇਂ ਕਿ "google.com" ਜਾਂ "yahoo.com" ਅਤੇ ਟਾਈਪ ਕਰੋ (ਉਦਾਹਰਣ ਲਈ) "2009 Toyota Venza Specifications" ਬਹੁਤੇ ਵੈੱਬਸਾਈਟ ਉਸ ਖਾਸ ਗੱਡੀ ਦੇ ਵੇਰਵਿਆਂ ਨਾਲ ਲਿੰਕ ਪ੍ਰਦਾਨ ਕਰਦੇ ਹਨ।*

*3. ਜਦੋਂ ਤੁਹਾਨੂੰ ਸਹੀ ਵੇਰਵਾ ਮਿਲ ਜਾਵੇ ਤਾਂ ਸੀ ਓ 2 ਕੈਲਕੁਲੇਟਰ `ਤੇ ਡਬਲ-ਕਲਿੱਕ ਕਰੋ।*

*ਜੇ ਗੱਡੀ ਅਜੇ ਵੀ ਕੈਲਕੁਲੇਟਰ ਵਿਚ ਨਾ ਆਵੇ ਤਾਂ claims@scrapit.ca `ਤੇ ਸਾਨੂੰ ਈਮੇਲ ਭੇਜੋ ਅਤੇ ਗੱਡੀ ਬਾਰੇ ਵੇਰਵਾ ਦਿਉ।*

**ਸਵਾਲ: ਕੀ ਹੱਕਦਾਰ ਗੱਡੀਆਂ ਦੀ ਲਿਸਟ ਮੌਜੂਦ ਹੈ?**
*ਜਵਾਬ: ਨਹੀਂ। ਸਾਰੀਆਂ 2004 ਦੀਆਂ ਅਤੇ ਇਸ ਤੋਂ ਨਵੀਂਆਂ ਗੱਡੀਆਂ ਹੱਕਦਾਰ ਹਨ।*

## ਬੱਸ ਪਾਸ

**ਸਵਾਲ: ਬੱਸ ਪਾਸ (ਟ੍ਰਾਂਜ਼ਿਟ ਪਾਸ) ਆਮ ਤੌਰ `ਤੇ ਕਦੋਂ ਡਾਕ ਵਿਚ ਪਾਏ ਜਾਂਦੇ ਹਨ?**
*ਜਵਾਬ: ਸਾਰੇ ਬੱਸ ਪਾਸ ਹਰ ਮਹੀਨੇ ਦੀ 20 ਤਰੀਕ ਤੱਕ ਡਾਕ ਵਿਚ ਪਾਏ ਜਾਂਦੇ ਹਨ (ਜਿਵੇਂ ਫਰਵਰੀ ਦਾ ਬੱਸ ਪਾਸ 20 ਜਨਵਰੀ ਤੱਕ ਡਾਕ ਵਿਚ ਪਾਇਆ ਜਾਂਦਾ ਹੈ)। ਜੇ ਤੁਹਾਨੂੰ ਆਪਣਾ ਬੱਸ ਪਾਸ ਮਹੀਨੇ ਦੀ 28 ਤਰੀਕ ਤੱਕ ਨਾ ਮਿਲੇ ਤਾਂ ਕਿਰਪਾ ਕਰਕੇ ਸਾਨੂੰ transit@scrapit.ca `ਤੇ ਈਮੇਲ ਕਰੋ।*

**ਸਵਾਲ: "ਕਨਸੈਸ਼ਨ`` ਦਾ ਕੀ ਮਤਲਬ ਹੈ (ਕਿਉਂ ਕਿ ਇਹ ਬੱਸ ਪਾਸਾਂ ਨਾਲ ਸੰਬੰਧਿਤ ਹੈ)?**
*ਜਵਾਬ: ਇਹ ਟ੍ਰਾਂਸਲਿੰਕ ਦਾ ਇਕ ਸ਼ਬਦ ਹੈ। 5 ਤੋਂ 13 ਸਾਲ ਦੀ ਉਮਰ ਦੇ ਬੱਚੇ, ਯੋਗ ਗੋਕਾਰਡ ਵਾਲੇ 14 ਤੋਂ 19 ਸਾਲਾਂ ਦੇ ਸੈਕੰਡਰੀ ਸਕੂਲਾਂ ਦੇ ਵਿਦਿਆਰਥੀ, ਉਮਰ ਦੇ ਸਬੂਤ ਨਾਲ 65 ਸਾਲ ਜਾਂ ਜ਼ਿਆਦਾ ਉਮਰ ਦੇ ਬਜ਼ੁਰਗ, ਅਤੇ ਹੈਂਡੀਕਾਰਡ ਹੋਲਡਰ, ਰਿਆਇਤੀ ਕਿਰਾਇਆਂ `ਤੇ ਸਫਰ ਕਰਨ ਦੇ ਯੋਗ ਹਨ। ਜ਼ਿਆਦਾ ਜਾਣਕਾਰੀ ਇੱਥੋਂ ਲੱਭੀ ਜਾ ਸਕਦੀ ਹੈ:*
*http://www.translink.bc.ca/Transportation_Services/Fares_Passes/fare_pricing.asp.ca*

**ਸਵਾਲ: ਕੀ ਬੱਸ ਪਾਸ ਤਬਦੀਲ ਕਰਨ ਯੋਗ ਹੈ?**

*ਜਵਾਬ: ਨਹੀਂ। ਤੁਸੀਂ ਇਸ ਨੂੰ ਤਬਦੀਲ ਨਹੀਂ ਕਰ ਸਕਦੇ, ਅਤੇ ਤੁਸੀਂ ਇਸ ਨੂੰ ਵੇਚ ਨਹੀਂ ਸਕਦੇ।*